**Shikshan Sanshodhan** : Journal of Arts, Humanities and Social Sciences
Monthly, Peer-Reviewed, Refereed, Indexed Journal
Volume - 8, Issue - 7, July - 2025

ISSN(o): 2581-6241
Impact Factor: 7.384

शिक्षण संशोधन

DOIs:10.2018/SS/202507010 --:-- Research Paper / Article / Review

# ਦਰਸ਼ਨ ਬੁਲੰਦਵੀ ਦੇ ਕਾਵਿ ਸੰਗ੍ਰਹਿ 'ਮਹਿਕਾਂ ਦਾ ਸਿਰਨਾਵਾਂ' ਵਿੱਚ ਪਰਵਾਸ ਤੇ ਮੂਲਵਾਸ : ਅੰਤਰ ਦਵੰਦ

**Darshan Bulandavi de Kaav Sangreh 'Mehkan da Sirnawan' Vich Parvas te Moolvas: Antar Dwand**

**Dr. Rattandeep kaur**
Assistant Professor, Department of Punjabi, Dyal Singh College, University of Delhi, Delhi
Email – rattandeepkaur.punjabi@dsc.du.ac.in

**ਅਬਸਟ੍ਰੈਕਟ:-** ਪਰਵਾਸੀ ਪੰਜਾਬੀ ਕਾਵਿ ਵਿਚ ਦਰਸ਼ਨ ਬੁਲੰਦਵੀ ਸਮਾਨਾਂਤਰ ਸੋਚ ਨਾਲ ਦੇਸ਼ ਅਤੇ ਵਿਦੇਸ਼ ਦੋਹਾਂ ਬਾਰੇ ਲਿੱਖਣ ਦੀ ਕੋਸ਼ਿਸ਼ ਕਰਦਾ ਨਜ਼ਰ ਆਉਂਦਾ ਹੈ। ਬੁਲੰਦਵੀ ਜਿੱਥੇ ਇਕ ਪਾਸੇ ਆਪਣੇ ਪਿੰਡ ਦੇ ਸਭਿਆਚਾਰ ਤੇ ਆਪਣੇ ਪਿਛੋਕੜ ਪ੍ਰਤੀ ਖਿਚ ਮਹਿਸੂਸ ਕਰਦਾ ਹੈ ਓਥੇ ਉਹ ਅਜੋਕੇ ਭਾਰਤੀ ਸਮਾਜ ਵਿਚ ਆ ਰਹੀ ਗਿਰਾਵਟ ਪ੍ਰਤੀ ਵੀ ਪਾਠਕਾਂ ਨੂੰ ਸੁਚੇਤ ਕਰਦਾ ਹੈ। ਇਸਦੇ ਨਾਲ ਹੀ ਓਹ ਪਰਵਾਸੀ ਸਮਾਜ ਦੀਆਂ ਚੰਗੀਆਂ ਮਾੜੀਆਂ ਰੀਤਾਂ ਪ੍ਰਤੀ ਵੀ ਸੁਚੇਤ ਹੋ ਕੇ ਲਿਖਦਾ ਹੈ।
ਦਰਸ਼ਨ ਬੁਲੰਦਵੀ ਦੀ ਕਵਿਤਾ ਵਿਚ ਜਿੱਥੇ ਆਪਣੇ ਜੱਦੀ ਮੁਲਕ ਪੰਜਾਬ ਲਈ ਖਿੱਚ ਹੈ, ਉੱਥੇ ਪਰਵਾਸ ਨੂੰ ਅਪਣਾ ਲੈਣ ਦਾ ਅਹਿਸਾਸ ਵੀ ਬਰਾਬਰ ਮੌਜੂਦ ਹੈ। ਹੱਥਲਾ ਪਰਚਾ ਦਰਸ਼ਨ ਬੁਲੰਦਵੀ ਦੀ ਕਵਿਤਾ ਵਿਚੋਂ ਡਾਇਸਪੋਰਾ ਵਿਚਲੇ ਮੂਲਵਾਸ ਅਤੇ ਪਰਵਾਸ ਦੇ ਬਦਲ ਰਹੇ ਅੰਤਰ ਸੰਬੰਧਾਂ ਅਤੇ ਅੰਤਰ ਦਵੰਦਾਂ ਨੂੰ ਬਿਆਨ ਕਰਣ ਦੇ ਨਾਲ ਨਾਲ ਕਵੀ ਦੀ ਮਾਨਸਿਕ ਸਥਿਤੀ ਨੂੰ ਵੀ ਬਖੂਬੀ ਸਮਝਣ ਤੇ ਬਿਆਨਣ ਦਾ ਜਤਨ ਕਰਦਾ ਹੈ।

**ਕੁੰਜੀਵਤ ਸ਼ਬਦ:-** ਦਰਸ਼ਨ ਬੁਲੰਦਵੀ ਕਾਵਿ, ਸਾਹਿਤਕ ਆਲੋਚਨਾ, ਪਰਵਾਸ, ਮੂਲਵਾਸ, ਪਰਵਾਸੀ ਚੇਤਨਾ, ਸਾਹਿਤਕ ਵਿਸ਼ਲੇਸ਼ਣ ।

ਪਰਵਾਸੀ ਪੰਜਾਬੀ ਕਾਵਿ ਵਿਚ ਦਰਸ਼ਨ ਬੁਲੰਦਵੀ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਆਪਣੇ ਕਾਵਿ ਸੰਗ੍ਰਹਿ ਵਿਚਲੇ ਨਵੇਕਲੇ ਅੰਦਾਜ਼ ਅਤੇ ਗਤੀਸ਼ੀਲ ਰੂਪ ਕਰਕੇ ਇਸਦੀ ਕਵਿਤਾ ਆਪਣੇ ਸਮਕਾਲੀ ਪਰਵਾਸੀ ਕਵੀਆਂ ਨਾਲੋਂ ਵੱਖਰੀ ਹੋ ਨਿਬੜਦੀ ਹੈ। ਦਰਸ਼ਨ ਬੁਲੰਦਵੀ ਦੇ ਹੁਣ ਤਕ 6 ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋ ਚੁਕੇ ਹਨ। ਉਸਦੀ ਖਾਸੀਅਤ ਇਹ ਹੈ ਕਿ ਉਹ ਆਪਣੀ ਕਾਵਿ ਯਾਤਰਾ ਵਿਚ ਕਿਤੇ ਵੀ ਉਲਾਰ ਹੋ ਕੇ ਨਹੀਂ ਲਿਖਦਾ ਸਗੋਂ ਸਮਾਨਾਂਤਰ ਸੋਚ ਨਾਲ ਦੇਸ਼ ਅਤੇ ਵਿਦੇਸ਼ ਦੋਹਾਂ ਬਾਰੇ ਲਿੱਖਣ ਦੀ ਕੋਸ਼ਿਸ਼ ਕਰਦਾ ਨਜ਼ਰ ਆਉਂਦਾ ਹੈ। ਬੁਲੰਦਵੀ ਜਿੱਥੇ ਇਕ ਪਾਸੇ ਆਪਣੇ ਪਿੰਡ ਦੇ ਸਭਿਆਚਾਰ ਤੇ ਆਪਣੇ ਪਿਛੋਕੜ ਪ੍ਰਤੀ ਖਿਚ ਮਹਿਸੂਸ ਕਰਦਾ ਹੈ ਓਥੇ ਉਹ ਅਜੋਕੇ ਭਾਰਤੀ ਸਮਾਜ ਵਿਚ ਆ ਰਹੀ ਗਿਰਾਵਟ ਪ੍ਰਤੀ ਵੀ ਪਾਠਕਾਂ ਨੂੰ ਸੁਚੇਤ ਕਰਦਾ ਹੈ। ਇਸਦੇ ਨਾਲ ਹੀ ਓਹ ਪਰਵਾਸੀ ਸਮਾਜ ਦੀਆਂ ਚੰਗੀਆਂ ਮਾੜੀਆਂ ਰੀਤਾਂ ਪ੍ਰਤੀ ਵੀ ਸੁਚੇਤ ਹੋ ਕੇ ਲਿਖਦਾ ਹੈ।

ਪਰਵਾਸ ਧਾਰਨ ਕਰਦਿਆਂ ਹੀ, ਇਕ ਪਰਵਾਸੀ ਸ਼ਾਇਰ, ਦੋ ਥਾਵਾਂ 'ਚ ਵੰਡਿਆ ਜਾਂਦਾ ਹੈ। ਇਕ ਪਾਸੇ ਆਪਣੀ ਧਰਤੀ ਤੋਂ ਵਿਛੁੰਨਿਆ ਜਾਣ ਦਾ ਅਹਿਸਾਸ ਅਤੇ ਦੂਜੇ ਪਾਸੇ ਨਵੀਂ ਥਾਂ ਤੇ ਵੱਸਣ ਦੀ ਜੱਦੋ ਜਹਿਦ ਉਸਨੂੰ ਧੁਰ ਅੰਦਰ ਤਕ ਵਿਆਕੁਲ ਕਰ ਜਾਂਦੀ ਹੈ ।ਇਹ ਸ਼ਾਇਰ ਦੋਹਰੇ ਯਥਾਰਥ ਅਤੇ ਦੋਹਰੇ ਸਭਿਆਚਾਰ ਨੂੰ ਨਾ ਸਿਰਫ ਹੰਡਾਉਂਦਾ ਹੈ ਸਗੋਂ ਆਪਣੇ ਕਾਵਿ ਜਗਤ ਵਿਚ ਉਸਦੀ ਉਸਾਰੀ ਵੀ ਕਰਦਾ ਹੈ। ਆਪਣੀ ਧਰਤੀ ਤੋਂ ਉਜੜਨ ਅਤੇ ਨਵੀਂ ਧਰਤੀ ਤੇ ਜਾ ਵੱਸਣ ਦੇ ਅਹਿਸਾਸ ਨਾਲ ਭਰ ਕੇ, ਇਸ ਅਹਿਸਾਸ ਨੂੰ ਆਪਣੀ ਕਵਿਤਾ ਦਾ ਅੰਗ ਬਣਾਉਂਦਾ ਹੈ।

ਪਹਿਲੀ ਪੀੜ੍ਹੀ ਦੇ ਇਹਨਾਂ ਪਰਵਾਸੀ ਸ਼ਾਇਰਾਂ ਦੀ ਸਮੱਸਿਆ ਨਾਲੋਂ ਅੱਡ, ਅੱਜ ਦੇ ਗਲੋਬਲ ਸਮਾਜ ਵਿਚ ਆਪਣੀ ਥਾਂ ਬਣਾ ਚੁੱਕਾ ਪਰਵਾਸੀ, ਰੋਟੀ ਰੋਜ਼ੀ ਲਈ ਜੱਦੋ ਜਹਿਦ ਨਹੀਂ ਕਰਦਾ ਸਗੋਂ ਕਈਂ ਪੀੜ੍ਹੀਆਂ ਦੀ ਮਹਿਨਤ ਤੋਂ ਬਾਅਦ ਉੱਥੇ ਦੇ ਸਥਾਨਕ ਸਭਿਆਚਾਰ ਦਾ ਅੰਗ ਬਣ ਗਿਆ ਹੈ। ਪਰਵਾਸੀ ਸ਼ਾਇਰ ਦੀ ਇਹ ਨਵੀਂ ਸਥਿਤੀ ਹੀ, ਇਕ ਪਾਸੇ ਪਰਵਾਸ ਅਤੇ ਮੂਲਵਾਸ ਦੇ ਅੰਤਰ ਦਵੰਦ ਦੀ ਸੂਚਕ ਬਣਦੀ ਹੈ। ਅਤੇ ਦੂਜੇ ਪਾਸੇ ਉਸਦੇ ਆਪਣੇ ਵਿਰਸੇ ਦੀ ਚੇਤਨਾ ਤੇ ਗਲੋਬਲ ਚੇਤਨਾ ਦੇ ਸਮਨਵੇ ਵਜੋਂ ਹੋਂਦ ਵਿਚ ਆਉਂਦੀ ਹੈ।

ਇਸੀ ਮੂਲਵਾਸੀ ਅਤੇ ਪਰਵਾਸੀ ਚੇਤਨਤਾ ਨਾਲ ਭਰਿਆ ਸ਼ਾਇਰ ਦਰਸ਼ਨ ਬੁਲੰਦਵੀ ਆਪਣੀ ਅੰਦਰਲੀ ਚੇਤਨਤਾ ਨੂੰ ਆਪਣੀ ਕਵਿਤਾ ਰਾਹੀਂ ਬਾਹਰ ਕੱਢਣ ਦੀ ਕੋਸ਼ਿਸ਼ ਕਰਦਾ ਹੈ। ਇਕ ਪਾਸੇ ਤਾਂ ਉਸਦੇ ਦਿਲ ਵਿਚ ਆਪਣੇ ਜੱਦੀ ਪਿੰਡ ਅਤੇ ਆਪਣੇ ਵਤਨ ਦੀ ਕਦੀ ਨਾ ਮਿਟੱਣ ਵਾਲੀ ਯਾਦ ਹੈ ਤੇ ਦੂਜੇ ਪਾਸੇ ਨਵੇਂ ਸਭਿਆਚਾਰ ਨੂੰ ਅਪਨਾ ਲੈਣ ਦਾ ਭਰੋਸਾ। ਉਹ ਆਪਣਾ ਸਾਰਾ ਬਿਆਨ ਭਾਵੁਕ ਹੋ ਕੇ ਨਹੀਂ ਕਰਦਾ ਸਗੋਂ ਸਹਿਜ ਭਾਵ ਹੋ ਕੇ ਕਰਦਾ ਹੈ।

ਪਰਵਾਸ ਅਤੇ ਮੂਲਵਾਸ ਦਾ ਇਹ ਅੰਤਰ ਦਵੰਦ ਲੇਖਕ ਜਾਂ ਕਵੀ ਦੀ ਮਾਨਸਿਕ ਦੁੱਚਿਤੀ ਤਕ ਹੀ ਸੀਮਿਤ ਨਹੀਂ ਹੈ। ਸਗੋਂ ਉਸਦੇ ਅਤੇ ਉਸਦੀ ਅਗਲੇਰੀ ਪਨੀਰੀ ਵਿਚਕਾਰਲੇ ਦਵੰਦ ਦਾ ਵੀ ਕਾਰਣ ਹੈ। ਪਰਵਾਸ ਵਿਚ ਜਨਮੇ ਬੱਚੇ ਆਪਣੇ ਆਪ ਨੂੰ ਉਥੇ ਦੇ ਮੂਲਵਾਸੀ ਅਖਵਾਉਂਦੇ ਹਨ ਅਤੇ ਬਹੁਤ ਵਾਰੀ ਇਹ ਬੱਚੇ ਪੰਜਾਬ ਦੇ ਸਭਿਆਚਾਰ ਅਤੇ ਸੰਸਕ੍ਰਿਤੀ ਨੂੰ ਚਾਹ ਕੇ ਵੀ ਅਪਣਾ ਸਕਣ ਵਿਚ ਅਸਮਰਥ ਹੁੰਦੇ ਹਨ। ਜਿੱਥੇ ਪਰਵਾਸੀ ਪੀੜ੍ਹੀ ਲਈ ਆਪਣਾ ਵਤਨ ਅਤੇ ਆਪਣੀ ਸੰਸਕ੍ਰਿਤੀ ਦੀਆਂ ਯਾਦਾਂ ਬਹੁਤ ਜ਼ਰੂਰੀ ਹਨ, ਉੱਥੇ ਜੰਮੇ ਬੱਚਿਆਂ ਲਈ ਪਿੱਛੇ ਮੁੜ੍ਹਨ ਦਾ ਸੋਚਣਾ ਵੀ ਵਿਅਰਥ ਹੈ। ਮੂਲਵਾਸੀ ਅਤੇ ਪਰਵਾਸੀ ਦੀ ਸੋਚ ਵਿਚ ਇਸ ਤਰ੍ਹਾਂ ਦਾ ਅੰਤਰ ਹੋਣਾ ਵੀ ਲਾਜ਼ਮੀ ਹੀ ਜਾਪਦਾ ਹੈ। ਡਾ. ਅੰਮ੍ਰਿਤਪਾਲ ਕੌਰ ਦੇ ਸ਼ਬਦਾਂ ਵਿਚ:

ਵਰਤਮਾਨ ਦੌਰ, ਪਰਵਾਸੀ ਭਾਈਚਾਰੇ ਦਾ ਆਪਣੀ ਸੰਤਾਨ ਦਾ ਪੱਛਮੀ ਸੰਸਕ੍ਰਿਤੀ ਦਾ ਅੰਗ ਬਣਨ ਦੀ ਕੋਸ਼ਿਸ਼ ਅਤੇ ਉਸ ਨਾਲ ਉਤਪੰਨ ਸਮੱਸਿਆਵਾਂ ਨਾਲ ਸੰਬੰਧਿਤ ਹੈ । [1]

ਆਪਣੀਆਂ ਕਵਿਤਾਵਾਂ ਰਾਹੀਂ ਆਪਣੇ ਮਨ ਦੀ ਕਸ਼ਮਕਸ਼ ਨੂੰ ਦਰਸ਼ਾਉਣ ਦੀ ਕੋਸ਼ਿਸ਼ ਕਰਦਾ ਹੋਇਆ ਕਵੀ ਇਕ ਪਾਸੇ ਆਪਣੀਆਂ ਜੜ੍ਹਾਂ ਨਾਲ ਜੁੜਿਆ ਹੋਇਆ ਹੈ ਅਤੇ ਦੂਜੇ ਪਾਸੇ ਨਵੀਂ ਪਨੀਰੀ ਰਾਹੀਂ ਉਸ ਦੀਆਂ ਪਰੰਪਰਾਗਤ ਸੋਚਾਂ ਨੂੰ ਆਉਟਡੇਟਿਡ (outdated) ਕਹਿਣ ਦੇ ਅਹਿਸਾਸ ਨਾਲ ਵੀ ਭਰਿਆ ਹੋਇਆ ਹੈ। outdated ਅਤੇ modern ਵਿਚਕਾਰਲੀ ਇਹ ਕਸ਼ਮਕਸ਼ ਲਗਾਤਾਰ ਜਾਰੀ ਹੈ। ਪਰ ਉਸਤੋਂ ਆਪਣੀਆਂ ਜੜ੍ਹਾਂ ਦਾ ਅਹਿਸਾਸ ਛੁੱਟਦਾ ਨਹੀਂ ਸਗੋਂ ਕਵਿਤਾ ਦੇ ਅੰਤ ਵਿਚ ਹੋਰ ਮਜ਼ਬੂਤ ਹੋ ਜਾਂਦਾ ਹੈ। ਕਵਿਤਾ *ਕੁੰਜੀ* ਦੀਆਂ ਹੇਠ ਲਿਖੀਆਂ ਸਤਰਾਂ ਵੇਖੀਆਂ ਜਾ ਸਕਦੀਆਂ ਹਨ।

ਪਰ ਅੱਜ ਦਾ ਵਕਤ

ਜਦ ਮੇਰੀ ਕੁੰਜੀ ਤੇ

ਹੱਸਦਾ ਮੁਸਕਰਾਉਂਦਾ ਏ

ਆਉਟਡੇਟ ਐਲਾਨ ਦਾ

ਆਪਣੇ ਵਕਤ ਦਾ ਸ਼ੀਸ਼ਾ ਵਿਖਾਉਂਦਾ ਏ

...

ਖਬਰੇ ਕਿਉਂ

ਮੇਰੇ ਕੰਬਦੇ ਹੱਥ ਵਿਚ ਸ਼

ਕੁੰਜੀ ਹੋਰ ਵੀ ਸਥਿਰ ਹੋ ਜਾਂਦੀ ਏ

ਕੁੰਜੀ ਹੋਰ ਵੀ ਸਥਿਰ ਹੋ ਜਾਂਦੀ ਏ [2]

**Shikshan Sanshodhan : Journal of Arts, Humanities and Social Sciences** ISSN(o): 2581-6241
**Monthly, Peer-Reviewed, Refereed, Indexed Journal** Impact Factor: 7.384
**Volume - 8, Issue - X, XXX - 2025**

ਪਰਵਾਸੀ ਧਰਤੀ ਤੇ ਆਪਣੀ ਪਛਾਣ ਲੱਭਦਾ ਕਵੀ ਸੋਚਦਾ ਹੈ ਕਿ ਉਹ ਕਿਸੀ ਸ਼ਿਕੰਜੇ ਵਿਚ ਕਸਿਆ ਹੋਇਆ, ਬੱਝਾ ਬੈਠਾ ਹੈ ਜਾਂ ਖੁੱਲ ਦੇ ਆਸਮਾਨ ਵਿਚ ਪੰਛੀ ਵਾਂਗ ਉੱਡ ਰਿਹਾ ਹੈ। ਆਪਣੀ ਕਵਿਤਾ ਉਡਾਰੀ ਵਿਚ ਉਹ ਸਮਝਣਾ ਚਾਹ ਰਿਹਾ ਹੈ ਕਿ ਅਸਲ ਵਿਚ ਉਸਨੇ ਤਰੱਕੀ ਕੀਤੀ ਵੀ ਹੈ ਜਾਂ ਨਹੀਂ। ਪਰ ਕਵਿਤਾ ਦੇ ਅੰਤ ਤਕ ਪਹੁੰਚਦੇ-ਪਹੁੰਚਦੇ ਆਪਣੀ ਤਰੱਕੀ ਦੇ ਅਹਿਸਾਸ ਨਾਲ ਭਰਿਆ ਉਹ ਆਪਣੇ ਆਪ ਨੂੰ ਖੰਭ ਦੇਣ ਵਾਲੇ ਦਾ ਸ਼ੁਕਰੀਆ ਅਦਾ ਵੀ ਕਰਦਾ ਹੈ ਅਤੇ ਆਪਣੇ ਉਡਦੇ ਹੋਣ ਦੇ ਅਹਿਸਾਸ ਦੀ ਪੁਸ਼ਟੀ ਵੀ ਕਰਦਾ ਹੈ। ਕਵੀ ਦੀ ਇਹੀ ਆਸ਼ਾਵਾਦੀ ਬਿਰਤੀ ਉਸਨੂੰ ਅਤਿ-ਭਾਵੁਕ ਹੋਣ ਦੇ ਦੋਸ਼ ਤੋਂ ਬਚਾ ਲੈਂਦੀ ਹੈ।

ਮੈਂ ਉੱਡ ਰਿਹਾ ਹਾਂ

ਦਿਸ਼ਾਵਾਂ 'ਚ ਉਲਝਿਆ ਹਾਂ

ਜਾਂ ਇਕ ਰਸਤੇ ਦਾ ਨੂਰ ਹਾਂ

...

ਤੇਰਾ ਜਗਾਉਣਾ ਹੀ

ਤੇਰੀ ਹਾਜ਼ਰੀ ਏ

ਮੈਂ ਉੱਡ ਰਿਹਾ ਹਾਂ [3]

ਭੂ-ਹੇਰਵਾ ਹਰ ਪਰਵਾਸੀ ਪੰਜਾਬੀ ਸ਼ਾਇਰ ਦੀ ਕਵਿਤਾ ਵਿਚ ਵੇਖਣ ਨੂੰ ਮਿਲਦਾ ਹੈ। ਦਰਸ਼ਨ ਬੁਲੰਦਵੀ ਦੀ ਵੀ ਬਹੁਤ ਸਾਰੀ ਕਵਿਤਾ ਭੂ-ਹੇਰਵੇ ਵਿਚੋਂ ਉਪਜੀ ਹੈ। ਪਰ ਆਸ਼ਾਵਾਦੀ ਕਵੀ ਹੋਣ ਕਾਰਣ ਉਸਦੀ ਕਵਿਤਾ ਉੱਤੇ ਕਿਤੇ ਵੀ ਇਹ ਭੂ-ਹੇਰਵਾ ਭਾਰੂ ਹੁੰਦਾ ਪ੍ਰਤੀਤ ਨਹੀਂ ਹੁੰਦਾ। ਉਹ ਇਕੋ ਵੇਲੇ ਪਰਵਾਸ ਨੂੰ ਅਪਣਾਉਂਦਾ ਵੀ ਹੈ ਅਤੇ ਆਪਣੀ ਧਰਤੀ ਨਾਲ ਜੁੜੇ ਹੋਣ ਦਾ ਅਹਿਸਾਸ ਵੀ ਕਰਦਾ ਹੈ। ਪਗਡੰਡੀਆਂ ਦੀ ਪਛਾਣ ਅਤੇ ਮੰਜ਼ਿਲਾਂ ਉੱਤੇ ਪਹੁੰਚਣ ਦਾ ਅਹਿਸਾਸ ਨਾਲੋਂ ਨਾਲ ਚਲਦਾ ਹੈ।

ਕੀ ਹੋਇਆ ਜੇ

ਪੈਰ ਪਗਡੰਡੀਆਂ ਤੇ ਹਨ

ਰਾਹ ਵੀ ਤਾਂ ਕੋਈ ਦੂਰ ਨਹੀਂ ਏ

ਜੇ ਬੇਨਕਸ਼ ਜਿਹਾ ਕੋਈ ਦੌਰ ਏ

ਪਰ ਸ਼ੀਸ਼ਾ ਤਾਂ ਆਪਣਾ ਹੋਰ ਨਹੀਂ [4]

ਕਵਿਤਾ *ਵੇਈਂ ਦਾ ਗੀਤ* ਵਿਚ ਆਪਣੇ ਪਿੰਡ ਨੂੰ ਅਤੇ ਉਸਦੀ ਵੇਈਂ ਨੂੰ ਯਾਦ ਕਰਦਾ ਕਵੀ ਵੇਈਂ ਦੇ ਨਿਰਮਲ ਪਾਣੀਆਂ ਦੀ ਧਾਰ ਨੂੰ ਮਹਿਸੂਸ ਕਰਦਾ ਹੈ। ਉਹ ਆਪਣੇ ਪਿੰਡ ਦੇ ਹਰ ਸੁਹਾਵਣੇ ਮੰਜ਼ਰ ਨੂੰ ਯਾਦ ਕਰਦਾ ਹੈ, ਜੋ ਉਸਦੇ ਅੰਦਰੋਂ ਪਰਦੇਸ ਜਾ ਕੇ ਵੀ ਨਹੀਂ ਨਿਕਲਿਆ। ਆਪਣੇ ਜੱਦੀ ਪਿੰਡ ਦੇ ਅਤੇ ਵੇਈਂ ਦੇ ਆਲੇ ਦੁਆਲੇ ਦੇ ਮੰਜ਼ਰ, ਪੰਛੀ, ਪਾਣੀਆਂ ਚ ਛਾਲਾਂ ਲਗਾਉਣ ਦਾ ਮਿੱਠਾ ਅਹਿਸਾਸ ਉਸਦੇ ਅੰਦਰ ਅਜੇ ਵੀ ਬਾਕੀ ਹੈ।

ਉਹ ਵੇਈਂ ਤਾਂ ਮੇਰੇ ਅੰਦਰ

ਅਜੇ ਵੀ ਕਲ ਕਲ ਕਰਦੀ ਏ

ਪਿੰਡ ਦੀਆਂ ਯਾਦਾਂ ਨੂੰ

ਸਾਹਵਾਂ 'ਚ ਧਰਦੀ ਏ। [5]

ਆਪਣੇ ਪੁਰਖਿਆਂ ਦੇ ਦੇਸ਼ ਪੰਜਾਬ ਦੀਆਂ ਵੱਖ ਵੱਖ ਯਾਦਾਂ ਨੂੰ ਸਮੇਟਦਾ ਕਵੀ, *'ਕਵਿਤਾਵਾਂ ਬੱਚੇ ਸਤਬੀਰ ਦੀ ਪੰਜਾਬ ਫੇਰੀ ਦੇ ਕੁਝ ਪ੍ਰਭਾਵ'* ਵਿਚ ਪੰਜਾਬ ਦੇ ਨਜ਼ਾਰੇ, ਗਲੀਆਂ ਤੇ ਇਤਿਹਾਸ ਨੂੰ ਮਹਿਸੂਸ ਕਰਦਾ ਤੇ ਹੰਡਾਉਂਦਾ ਨਜ਼ਰ ਆਉਂਦਾ ਹੈ। ਬੱਚਾ ਸਤਬੀਰ ਪੰਜਾਬ ਨੂੰ ਤਸਵੀਰਾਂ ਵਿਚ ਵੇਖ ਕੇ ਹੀ ਖੁਸ਼ ਹੋ ਜਾਂਦਾ ਹੈ, ਉੱਥੇ ਦੀ ਖੂਬਸੂਰਤੀ ਦਾ ਜਾਇਜ਼ਾ ਲੈਂਦਾ ਅਤੇ ਕੁਝ ਚਿਰ ਲਈ ਉਸਦੇ ਸਵਾਦਿਸ਼ਟ ਪਕਵਾਨਾਂ ਦੀ ਖੁਸ਼ਬੂ ਸੁੰਘਣ ਦੇ ਅਹਿਸਾਸ ਵਿਚ ਗੁੰਮ ਹੋ ਜਾਂਦਾ ਹੈ। ਇਸ ਸਭ ਨੂੰ ਮਹਿਸੂਸ ਕਰਦਾ ਉਹ ਕੁਝ ਚਿਰ ਲਈ ਭੁੱਲ ਜਾਂਦਾ ਹੈ ਕਿ ਉਹ ਵਿਦੇਸ਼ ਦੀ ਪੈਦਾਇਸ਼ ਹੈ ਅਤੇ ਉੱਥੇ ਦੀ ਜੰਮਪਲ ਜੈ, ਕਿ ਪਿੱਜ਼ਾ ਤੇ ਬਰਗਰ ਉਸਨੂੰ ਗੁੜ੍ਹਤੀ ਵਿਚ ਮਿਲੇ ਹਨ।

ਉਹ ਭੁੱਲ ਜਾਂਦਾ ਏ

ਬਰਗਰ ਪੀਜ਼ਾ ਤੇ ਉਹ ਸਭ ਕੁਝ

ਜੋ ਉਸ ਨੂੰ ਗੁੜ੍ਹਤੀ 'ਚ ਮਿਲਿਆ ਏ

ਜੋ ਉਹਦੇ ਸੁਆਦ ਨਾਲ ਜੁੜਿਆ ਏ [6]

ਆਪਣੇ ਅਤੇ ਆਪਣੇ ਬੱਚਿਆਂ ਦੇ ਭਾਰਤੀ ਸੰਸਕ੍ਰਿਤੀ ਅਤੇ ਸਭਿਆਚਾਰ ਨਾਲੋਂ ਟੁੱਟੇ ਹੋਣ ਦਾ ਅਹਿਸਾਸ ਵੀ ਦਰਦ ਦੇਣ ਵਾਲਾ ਹੈ। ਇਹ ਅਹਿਸਾਸ ਵੀ ਲਗਭਗ ਹਰ ਪਰਵਾਸੀ ਕਵੀ ਦੇ ਅੰਦਰ ਉਸਲਵੱਟੇ ਲੈਂਦਾ ਰਹਿੰਦਾ ਹੈ ਕਿ ਕਿਤੇ ਉਸਦੇ ਬੱਚੇ ਆਪਣੇ ਸਭਿਆਚਾਰ ਨਾਲੋਂ ਬਿਲਕੁਲ ਟੁੱਟ ਹੀ ਨਾ ਜਾਣ। ਦਰਸ਼ਨ ਬੁਲੰਦਵੀ ਨੂੰ ਤਾਂ ਇੰਜ ਲਗਦਾ ਹੈ ਜਿਵੇਂ ਉਸਦੀ ਕਵਿਤਾ ਵੀ ਉਸਤੋਂ ਸਵਾਲ ਪੁੱਛਣ ਲੱਗ ਪਈ ਹੋਵੇ। ਪਰ ਅਸਲ ਵਿਚ ਇਹ ਸਭ ਸਵਾਲ ਉਸਦੇ ਮਨ ਅੰਦਰ ਬੈਠਾ ਭਾਰਤੀ ਉਸਤੋਂ ਕਰ ਰਿਹਾ ਹੈ:

ਸਾਡੇ ਵਿਚੋਂ ਸਤਲੁਜ ਕਿਉਂ ਖੁੱਸਦਾ ਪਿਆ ਏ

ਗੀਤ ਮੇਰਾ ਮੈਥੋਂ ਅੱਜ ਪੁੱਛਦਾ ਪਿਆ ਏ। [7]

ਉਸਨੂੰ ਆਪਣੀ ਮਿੱਟੀ ਨਾਲ ਮੋਹ ਹੈ। ਆਪਣੇ ਵਤਨ ਦੀ ਮਿੱਟੀ ਤੋਂ ਬਿਨਾਂ ਉਸਨੂੰ ਆਪਣਾ ਆਪ ਵੀ ਕੁਝ ਨਹੀਂ ਜਾਪਦਾ। ਉਸਦਾ ਅਕਸ ਤਾਂ ਉਸਦੇ ਦੇਸ਼ ਦੀ ਮਿੱਟੀ ਵਿਚ ਛੁੱਪਿਆ ਹੋਇਆ ਹੈ ਤੇ ਉਸਦੇ ਵਤਨ ਦੀ ਮਿੱਟੀ ਉਸਦੇ ਰੋਮ ਰੋਮ ਵਿਚ ਵੱਸੀ ਹੋਈ ਹੈ।

ਮੈਂ ਜਿਸ ਮਿੱਟੀ ਦਾ ਬਣਿਆ ਹਾਂ

ਉਹ ਮੇਰੀ ਏ ਕਿਸੇ ਹੋਰ ਦੀ ਨਹੀਂ

ਗੋਅ ਗੁੰਨ ਕੇ ਚੜ੍ਹਾ ਲੈ ਚੱਕ ਉਤੇ

ਮੂਰਤ ਬਣੇਗੀ ਮੇਰੀ ਹੋਰ ਦੀ ਨਹੀਂ। [8]

ਇਹੀ ਕਾਰਣ ਹੈ ਕਿ ਪਰਦੇਸ ਬੈਠਾ ਵੀ ਉਹ ਦੇਸ਼ ਲਈ ਫਿਕਰਮੰਦ ਰਹਿੰਦਾ ਹੈ।

ਅਸੀਂ ਸੁਹਣੇ ਦੇਸ਼ ਪੰਜਾਬ ਨੂੰ

ਇਕ ਸਵਰਗ ਜਿਹਾ ਬਣਾਉਣਾ ਏ

ਇਹਦੇ ਚੜ੍ਹਦੇ ਸੂਹੇ ਸੂਰਜ ਦਾ

ਅਸਾਂ ਘਰ ਘਰ ਨੂਰ ਫ਼ੈਲਾਉਣਾ ਏ। [9]

ਪਰ ਹੁਣ ਜਦ ਉਹ ਆਪਣੇ ਪਿੰਡ ਮੁੜਦਾ ਹੈ ਤਾਂ ਉਸਨੂੰ ਪੁਰਾਣਾ ਕੁਝ ਨਹੀਂ ਲੱਭਦਾ। ਪਿੰਡ ਦੀ ਹਰ ਸ਼ੈਅ ਬਦਲੀ ਬਦਲੀ ਨਜ਼ਰ ਆਉਂਦੀ ਹੈ। ਉਹ ਉੱਥੇ ਦੇ ਲੋਕਾਂ ਵਿਚੋਂ ਪੁਰਾਣੇ ਚਹਿਰੇ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਪਿੰਡ ਦੀਆਂ ਗਲੀਆਂ ਚੋਂ ਆਪਣਾ ਬਚਪਨ ਪਹਿਚਾਨਣ ਦੀ ਕੋਸ਼ਿਸ਼ ਕਰਦਾ ਹੈ। ਨਵਾਂ ਉਸਨੂੰ ਚੰਗਾ ਤਾਂ ਲੱਗਦਾ ਹੈ ਪਰ ਆਪਣਾ ਨਹੀਂ ਲੱਗਦਾ। ਉਹ ਦਾਹੜੀ ਵਾਲਾ ਬੋਹੜ ਦਾ ਦਰਖਤ ਲੱਭਣ ਦੀ ਕੋਸ਼ਿਸ਼ ਕਰਦਾ ਹੈ ਜੋ ਉਸਨੂੰ ਠੰਡੀਆਂ ਹਵਾਵਾਂ ਦਿੰਦਾ ਸੀ। ਉੱਥੇ ਦਾ ਹਰ ਮੰਜ਼ਰ ਨਵਾਂ ਹੈ, ਅਣ-ਪਛਾਤਾ ਹੈ ਪਰ ਫਿਰ ਵੀ ਉਸਦੇ ਧੁਰ ਅੰਦਰ ਇਕ ਆਸ ਹੈ ਕਿ ਉਹ ਅੰਤ ਆਪਣੇ ਪਿੰਡ ਦੀ ਉਸੀ ਮਿੱਟੀ ਵਿਚ ਮਿਲ ਜਾਏ ਜਿੱਥੇ ਉਸਨੇ ਆਪਣਾ ਪੈਂਡਾ ਸ਼ੁਰੂ ਕੀਤਾ ਸੀ।

ਜੀਅ ਕਰੇ ਹੁਣ ਘੁੰਮ ਘੁੰਮਾ ਕੇ

ਇਹਦੀ ਮਿੱਟੀ ਵਿਚ ਸਮਾ ਜਾਵਾਂ

ਜਿਥੋਂ ਸ਼ੁਰੂ ਸੀ ਕੀਤਾ ਪੈਂਡਾ

ਉਥੇ ਹੀ ਆ ਮੁਕਾ ਜਾਵਾਂ। [10]

ਕਵੀ ਭਾਰਤ ਵਰਸ਼ ਦੀ ਸਿਫਤ ਕਰਣ ਦੇ ਨਾਲ ਹੀ ਉਸ ਵਿਚ ਆ ਰਹੀ ਗਿਰਾਵਟ ਪ੍ਰਤੀ ਵੀ ਸੁਚੇਤ ਹੈ। ਇੱਥੇ ਫੈਲ ਰਹੀ ਰਿਸ਼ਵਤਖੋਰੀ, ਨੇਤਾਵਾਂ ਦੇ ਝੂਠੇ ਭਾਸ਼ਣ ਪਿੱਛੇ ਦਾ ਸੱਚ ਅਤੇ ਭੋਲੇ ਲੋਕਾਂ ਦਾ ਨੇਤਾਵਾਂ ਹੱਥੋਂ ਲੁਟਿਆ ਜਾਣਾ ਕਿਸੀ ਦਲਦਲ ਤੋਂ ਘਟ ਨਹੀਂ ਜੋ ਕਿ ਭਾਰਤ ਵਰਸ਼ ਨੂੰ ਅੰਦਰੋਂ ਖੋਖਲਾ ਕਰਦਾ ਜਾ ਰਿਹਾ ਹੈ।

ਪਰ ਭਾਰਤ ਵਰਸ਼ ਤਾਂ

ਮਜ਼ਹਬੀ ਦਲਦਲ 'ਚ ਖੁੱਭਾ ਤੜਫ਼ਦਾ ਏ [11]

ਕਵੀ ਨੂੰ ਆਪਣੇ ਸੱਚ ਅਤੇ ਆਪਣੇ ਅੱਜ ਦਾ ਭਰਪੂਰ ਅਹਿਸਾਸ ਹੈ। ਉਸਨੇ ਆਪਣੀ ਪਰਵਾਸੀ ਸਥਿਤੀਆਂ ਨੂੰ ਵੀ ਦਿਲੋਂ ਅਪਣਾ ਲਿਆ ਹੈ। ਅੱਜ ਕਿਵੇਂ ਦਾ ਵੀ ਹੋਵੇ ਉਸਤੋਂ ਮੁਨਕਰ ਨਹੀਂ ਹੁੰਦਾ ਸਗੋਂ ਉਸਨੂੰ ਖੁੱਲੇ ਦਿਲ ਨਾਲ ਅਪਣਾਉਂਦਾ ਹੈ। ਉਸਨੂੰ ਪਤਾ ਹੈ ਕਿ ਅੱਜ ਜਿਹੋ ਜਿਹਾ ਵੀ ਹੈ ਉਸਦੀ ਮਹਿਨਤ ਦਾ ਫੱਲ ਹੈ। ਉਹ ਅੱਜ ਦੇ ਰੂ ਬ ਰੂ ਹੋ ਕੇ ਆਪਣੇ ਅੰਗ ਸੰਗ ਹੀ ਤੁਰਨਾ ਚਾਹੁੰਦਾ ਹੈ।

ਅੱਜ ਕਿਤਿਓ ਵੀ ਸ਼ੁਰੂ ਹੋਵੇ

ਅੱਜ ਦੇ ਰੂ ਬ ਰੂ ਹੋ ਕੇ

ਆਪਣੇ ਅੰਗ ਸੰਗ ਹੀ ਤੁਰਾਂਗੇ। [12]

ਉਸਨੇ ਆਪਣੇ ਨਵੇਂ ਮੁਲਕ ਨੂੰ ਅਪਣਾ ਤਾਂ ਲਿਆ ਹੈ ਪਰ ਉਸਦੇ ਅਵਚੇਤਨ ਵਿਚ ਬਗਾਨੇ ਦੇਸ਼ ਵਿਚ ਬਗਾਨਗੀ ਦਾ ਅਹਿਸਾਸ ਵੀ ਮੌਜੂਦ ਹੈ। ਇਹੀ ਕਾਰਣ ਹੈ ਕਿ ਡਾ. ਹਰਭਜਨ ਸਿੰਘ ਦੀ ਯਾਦ ਨੂੰ ਆਪਣੇ ਸ਼ਹਿਰ ਦੇ ਅਜਾਇਬਘਰ ਵਿਚ ਸੰਭਾਲ ਕੇ ਰੱਖਣ ਦਾ ਖਿਆਲ ਆਉਂਦਿਆਂ ਹੀ ਉਹ ਹੇਠ ਲਿਖੇ ਸ਼ਬਦਾਂ ਦਾ ਪ੍ਰਯੋਗ ਕਰਦਾ ਹੈ:

ਪਰ ਦੇਸ਼ ਬਿਗਾਨਾ

ਫਿਲਹਾਲ, ਮੈਂ ਇਸ ਨੂੰ

ਆਪਣੀ ਕਵਿਤਾ 'ਚ

ਸੁਰੱਖਿਅਤ ਕਰ ਲਿਆ ਏ [13]

ਪਰਵਾਸ ਧਾਰਣ ਕਰਣ ਦੇ ਪਿੱਛੇ ਹਰ ਪਰਵਾਸੀ ਦੇ ਅੱਡ ਅੱਡ ਕਾਰਣ ਹੋ ਸਕਦੇ ਹਨ ਪਰ ਆਰਥਿਕਤਾ ਇਸ ਲਈ ਇਕ ਬਹੁਤ ਵੱਡਾ ਕਾਰਣ ਹੈ। ਬੁਲੰਦਵੀ ਨੂੰ ਵੀ ਇਹ ਅਹਿਸਾਸ ਹੈ ਕਿ ਉਹ ਜੇਬ ਦੀ ਖਾਤਿਰ ਪਰਦੇਸ ਵਿਚ ਬੈਠਾ ਹੈ। ਇਹੀ ਕਾਰਣ ਹੈ ਕਿ ਉਸ ਦੀਆਂ ਕਵਿਤਾਵਾਂ ਵਿਚ ਉਹ ਪਸੰਦ ਤੋਂ ਉੱਪਰ ਜੇਬ ਨੂੰ ਰੱਖਦਾ ਹੈ। ਭੁੱਖ ਅਤੇ ਤੜਪ ਨਾਲ ਉਤਪੰਨ ਹੋਣ ਵਾਲੀ ਪੀੜ੍ਹ ਦਾ ਅਹਿਸਾਸ ਉਸਦੀ ਕਵਿਤਾ ਵਿਚ ਭਰਪੂਰ ਰੂਪ ਵਿਚ ਮਿਲਦਾ ਹੈ।

ਪਸੰਦ ਨਹੀਂ

ਪਸੰਦ ਤਾਂ ਹਰ ਵਾਰ

ਜੇਬ ਅੰਦਰ ਹੀ

ਖ਼ੁਦਕੁਸ਼ੀ ਕਰ ਜਾਂਦੀ ਏ। [14]

ਪਰਵਾਸੀ ਸਮਾਜ ਨੂੰ ਉਸਨੇ ਅਪਨਾ ਲਿਆ ਹੈ ਉਸਦੇ ਸਭਿਆਚਾਰ ਅਤੇ ਬੋਲੀ ਨੂੰ ਵੀ ਉਸਨੇ ਅਪਨਾ ਲਿਆ ਹੈ।ਪਰ ਉਹ ਅੱਖਾਂ ਬੰਦ ਕਰਕੇ ਉਸ ਸਮਾਜ ਵਿਚਲੀ ਹਰ ਚੰਗੀ-ਮਾੜੀ ਰੀਤ ਨੂੰ ਅਪਨਾ ਨਹੀਂ ਲੈਂਦਾ ਸਗੋਂ ਉਸ ਸਮਾਜ ਵਿਚਲੀਆਂ ਬੁਰਾਈਆਂ ਨੂੰ ਵੀ ਉਜਾਗਰ ਕਰਦਾ ਹੈ। ਪਰਵਾਸੀ ਸਮਾਜ ਵਿਚ ਖੁਲ੍ਹੇ ਤੌਰ ਤੇ ਪਨਪ ਰਹੇ ਸਮਲਿੰਗੀ (ਗੇ-ਲੇਸਬਿਅਨ) ਰਿਸ਼ਤਿਆਂ ਦੀ ਗੱਲ ਕਰਦਿਆਂ ਉਹ ਇਹਨਾਂ ਰਿਸ਼ਤਿਆਂ ਨੂੰ ਇਨਸਾਨੀ ਦਾਤ ਉੱਤੇ ਖਤਰੇ ਵਜੋਂ ਦਰਸ਼ਾਉਂਦਾ ਹੈ। ਉਸਦਾ ਕਹਿਣਾ ਹੈ ਕਿ ਔਰਤ-ਮਰਦ ਦਾ ਰਿਸ਼ਤਾ ਇਲਾਹੀ ਮੇਲ ਦੇ ਸਮਾਨ ਹੈ ਜਿਸ ਵਿਚੋਂ ਸਾਡੀ ਸਾਰੀ ਦੁਨੀਆਂ ਪ੍ਰਗਟ ਹੋਈ ਹੈ।

ਔਰਤ ਮਰਦ ਦਾ ਰਿਸ਼ਤਾ

ਹੈ ਦਾਤ ਕੁਦਰਤ ਦੀ

ਇਹਦੇ ਇਲਾਹੀ ਮੇਲ 'ਚੋਂ ਹੀ

ਇਹ ਦੁਨੀਆਂ ਪ੍ਰਗਟ ਹੋਈ

ਫੇਰ ਇਹ ਦੁਨੀਆਂ ਹੱਥੋਂ

ਕਿਉਂ ਇਹ ਦਾਤ ਖੋਹਣ ਆਈ? [15]

ਕਦੇ ਕਦਾਈਂ ਕਵਿਤਾ ਵਿਚ ਮਾਈਕਲ ਤੇ ਕਵੀ ਵਿਚਕਾਰ ਹੋਈ ਗੱਲਬਾਤ ਅਹਿਮ ਹੈ। ਕਵੀ ਜਿੱਥੇ ਪੱਛਮੀ ਸਮਾਜ ਨੂੰ ਅਪਨਾਉਂਦਾ ਹੋਇਆ ਆਪਣਾ ਕੰਮ ਦਾ ਭਾਰ ਹੌਲਾ ਕਰਣ ਲਈ ਪੱਬ ਜਾਂਦਾ ਹੈ ਅਤੇ ਡਰਿੰਕ ਕਰਦਾ ਹੈ, ਉੱਥੇ ਉਸਦਾ ਵਿਦੇਸ਼ੀ ਦੋਸਤ ਮਾਈਕਲ ਪੱਬ ਜਾ ਕੇ ਅਤੇ ਆਪਣੀ ਗਰਲ ਫਰੈਂਡ ਨਾਲ ਵੀਕ ਐਂਡ ਮਨਾ ਕੇ ਵੀ ਖੁਸ਼ ਨਹੀਂ ਹੈ। ਜਿੱਥੇ ਭਾਰਤੀ ਲੋਕ ਪੱਛਮੀ ਸਭਿਆਚਾਰ ਅਤੇ ਵਿਆਹ ਪ੍ਰਥਾ ਵੱਲ ਖਿੱਚ ਮਹਿਸੂਸ ਕਰਦੇ ਹਨ, ਉੱਥੇ ਬਾਹਰਲੇ ਲੋਕ (ਅੰਗ੍ਰੇਜ਼) ਭਾਰਤੀ ਸਭਿਆਚਾਰ ਅਤੇ ਵਿਆਹ ਪ੍ਰਥਾ ਪ੍ਰਤੀ ਖਿੱਚ ਮਹਿਸੂਸ ਕਰਦੇ ਹਨ। ਮਾਈਕਲ ਕਵੀ ਨੂੰ ਇਸ ਲਈ ਖੁਸ਼ਕਿਸਮਤ ਸਮਝਦਾ ਹੈ ਕਿਉਂਕਿ ਉਸਦੀ ਜ਼ਿੰਦਗੀ ਵਿਚ ਇਕਲਾਪਾ ਨਹੀਂ ਹੈ। ਉਸਦੇ ਘਰ ਉਸਦੀ ਵਹੁਟੀ ਹੈ ਜੋ ਹਮੇਸ਼ਾਂ ਉਸਦਾ ਖਿਆਲ ਰਖਦੀ ਹੈ, ਉਸਦੇ ਕਪੜੇ ਧੋਂਦੀ ਅਤੇ ਸਾਰਾ ਕੰਮ ਸੰਵਾਰਦੀ ਹੈ। ਜਦ ਕਿ ਮਾਈਕਲ ਦੀ ਗਰਲ ਫਰੈਂਡ ਲੀਜ਼ਾ ਸਿਰਫ ਵੀਕਐਂਡ ਤੇ ਹੀ ਉਸ ਨਾਲ ਰਹਿੰਦੀ ਹੈ ਅਤੇ ਬਾਕੀ ਹਫ਼ਤਾ ਉਸਦੀ ਸਾਰ ਵੀ ਨਹੀਂ ਲੈਂਦੀ। ਉਹ ਵੀ ਕਿਸੀ ਇੰਡੀਅਨ ਨਾਲ ਵਿਆਹ ਕਰਵਾਉਣਾ ਲੋਚਦਾ ਹੈ।

ਦਰਸ਼ਨ ਬੁਲੰਦਵੀ ਭਾਵੇਂ ਸੰਤੁਲਿਤ ਸੋਚ ਨਾਲ ਪਰਵਾਸ ਅਤੇ ਮੂਲਵਾਸ ਬਾਰੇ ਸੋਚਦਾ ਹੈ। ਪਰ ਉਸਦਾ ਆਸ਼ਾਵਾਦੀ ਨਜ਼ਰੀਆ ਵੀ ਉਸਨੂੰ ਪਰਵਾਸ ਅਤੇ ਮੂਲਵਾਸ ਦੇ ਦਵੰਦ ਤੋਂ ਬਚਾ ਨਹੀਂ ਸਕਿਆ। ਇਸ ਆਸ਼ੇ ਨਾਲ ਉਸਦੀ ਕਵਿਤਾ *ਮਾਂ*ਵਾਚਣਯੋਗ ਹੈ। ਇਹ ਕਵਿਤਾ ਪਰਦੇਸ ਜਾਂਦੇ ਹੋਏ ਪੁੱਤਰ ਨੂੰ ਤੋਰਦੀ ਮਾਂ ਦੀ ਉਦਾਸੀ ਨੂੰ ਬਿਆਨ ਕਰਦੀ ਹੈ। ਉਹ ਉਦਾਸ ਹੈ ਪਰ ਆਪਣੀ ਉਦਾਸੀ ਕਿਸੇ ਨੂੰ ਵਿਖਾ ਨਹੀਂ ਸਕਦੀ ਕਿਉਂਕਿ ਜੇ ਉਸਦੇ ਪੁੱਤਰ ਨੂੰ ਪਤਾ ਚਲ ਗਿਆ ਤਾਂ ਉਹ ਵੀ ਉਦਾਸ ਹੋ ਜਾਏਗਾ। ਉਹ ਸੋਚਦੀ ਹੈ ਕਿ ਪੁੱਤ ਨੇ ਪਰਦੇਸ ਜਾਣਾ ਹੈ ਅਤੇ ਪੁੱਤਰ ਦਾ ਪਰਦੇਸ ਵਿਚ ਖਿਆਲ ਰਖੱਣ ਵਾਲਾ ਕੋਈ ਨਹੀਂ ਹੋਣਾ। ਉਸਨੇ ਆਪਣੇ ਆਪ ਨੂੰ ਖੁਦ ਹੀ ਸੰਭਾਲਣਾ ਹੈ। ਇਸ ਕਰਕੇ ਮਾਂ ਆਪਣੇ ਅੱਥਰੂ ਲੁਕਾਉਣਾ ਸਿੱਖ ਗਈ ਹੈ। ਉਸਦੀ ਮਾਂ ਦੀ ਇਹ ਮਨੋਸਥਿਤੀ ਅਤੇ ਮਾਂ ਦੇ ਅੱਥਰੂ ਕਵੀ ਦੇ ਦਿਲ ਦੇ ਅੰਦਰਲੇ ਸੰਤੁਲਨ ਨੂੰ ਹਿਲਾ ਕੇ ਰੱਖ ਦਿੰਦੇ ਹਨ ਅਤੇ ਉਹ ਫਿਰ ਤੋਂ ਦੇਸ ਅਤੇ ਪਰਦੇਸ ਵਿਚਕਾਰ ਵੰਡਿਆ ਜਾਂਦਾ ਹੈ।

ਉਹ ਆਪਣੇ ਅੱਥਰੂ ਸੰਭਾਲਦੀ ਏ

ਆਪਣੇ ਦਿਲ ਦੇ ਸ਼ੀਸ਼ੇ ਅੰਦਰ

ਜਿਸ ਨੂੰ ਸਿਰਫ

ਉਹੀ ਵੇਖ ਸਕਦੀ ਏ

ਤੇ ਮੈਂ ਵੰਡਿਆ ਜਾਂਦਾ ਹਾਂ

ਦੇਸ ਅਤੇ ਪ੍ਰਦੇਸ ਵਿਚਕਾਰ

ਘਰ ਬਾਰੇ ਸੋਚਦਿਆਂ [16]

ਸਮੁੱਚੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਦਰਸ਼ਨ ਬੁਲੰਦਵੀ ਦੀ ਕਵਿਤਾ ਵਿਚ ਜਿੱਥੇ ਆਪਣੇ ਜੱਦੀ ਮੁਲਕ ਪੰਜਾਬ ਲਈ ਖਿੱਚ ਹੈ, ਉੱਥੇ ਪਰਵਾਸ ਨੂੰ ਅਪਣਾ ਲੈਣ ਦਾ ਅਹਿਸਾਸ ਵੀ ਬਰਾਬਰ ਮੌਜੂਦ ਹੈ। ਉਸਦੀ ਕਵਿਤਾ ਡਾਇਸਪੋਰਾ ਵਿਚਲੇ ਮੂਲਵਾਸ ਅਤੇ ਪਰਵਾਸ ਦੇ ਬਦਲ ਰਹੇ ਅੰਤਰ ਸੰਬੰਧਾਂ ਅਤੇ ਅੰਤਰ ਦਵੰਦਾਂ ਨੂੰ ਬਿਆਨ ਕਰਣ ਦੇ ਨਾਲ ਨਾਲ ਕਵੀ ਦੀ ਮਾਨਸਿਕ ਸਥਿਤੀ ਨੂੰ ਵੀ ਬਖੂਬੀ ਬਿਆਨ ਕਰਦੀ ਹੈ।

## ਹਵਾਲੇ ਤੇ ਟਿੱਪਣੀਆਂ

---

1 https://punjabipedia.org, 'ਪਰਵਾਸੀ ਪੰਜਾਬੀ ਸਾਹਿਤ'

2 ਦਰਸ਼ਨ ਬੁਲੰਦਵੀ, ਮਹਿਕਾਂ ਦਾ ਸਿਰਨਾਵਾਂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ 18

3 ਉਹੀ, ਪੰਨਾ 1

4 ਉਹੀ, ਪੰਨਾ 18

5 ਉਹੀ, ਪੰਨਾ 35

6 ਉਹੀ, ਪੰਨਾ 55

7 ਉਹੀ, ਪੰਨਾ 81

8 ਉਹੀ, ਪੰਨਾ 72

9 ਉਹੀ, ਪੰਨਾ 77

10 ਉਹੀ, ਪੰਨਾ 38

11 ਉਹੀ, ਪੰਨਾ 26

12 ਉਹੀ, ਪੰਨਾ 50

13 ਉਹੀ, ਪੰਨਾ 31

14 ਉਹੀ, ਪੰਨਾ 22

15 ਉਹੀ, ਪੰਨਾ 65

16 ਉਹੀ, ਪੰਨਾ 6